ਪੀਐਸਪੀਸੀਐਲ
ਦ:ਜੀਐਮ/ਪ੍ਰਬੰਧਕੀ(ਭਲਾਈ ਭਾਗ)

ਵੱਲ

ਸਾਰੇ ਵਧੀਕ ਨਿਗ:ਇੰਜ:/ਸੀਨੀਅਰ ਕਾਰਜਕਾਰੀ ਇੰਜ:
ਪੀਐਸਪੀਸੀਐਲ।

ਮੀਮੋ ਨੰ: 1956/2156
ਮਿਤੀ: 30/06/2014

ਵਿਸ਼ਾ: ਗਰੁੱਪ ਇੰਸ਼ੋਰੈਂਸ (ਪਰਸਨਲ ਐਕਸੀਡੈਂਟ) ਸਕੀਮ ਤਹਿਤ ਅਦਾਇਗੀ ਬਾਰੇ।

ਬੋਰਡ ਹੁਣ ਪੀਐਸਪੀਸੀਐਲ ਵਲੋਂ ਮੀਮੋ ਨੰ:681891/70339/ਪੀਓ 63 ਮਿਤੀ 12-9-87 ਰਾਹੀਂ ਵਿਸ਼ਾ ਚਰਚਿਤ ਪਾਲਿਸੀ ਪ੍ਰਚੱਲਤ ਕੀਤੀ ਗਈ ਸੀ ਤੇ ਅੱਗੋਂ ਸਮੇਂ ਸਮੇਂ ਸਿਰ ਸੋਧਾਂ ਕਰਦੇ ਹੋਏ ਇਸ ਸਕੀਮ ਤਹਿਤ ਹਾਦਸਾਗ੍ਰਸਤ ਮੌਤ ਦੇ ਕੇਸਾਂ ਵਿਚ ਹੇਠ ਲਿਖੇ ਦਸਤਾਵੇਜ਼ ਪ੍ਰਾਪਤ ਕਰਕੇ ਈਏਡੀ ਤੋਂ ਪ੍ਰੀ-ਆਡਿਟ ਕਰਵਾਕੇ ਮ੍ਰਿਤਕ ਦੇ ਕਾਨੂੰਨੀ ਵਾਰਸਾਂ ਨੂੰ ਇੱਕ ਲੱਖ ਰੁ: ਦੀ ਅਦਾਇਗੀ ਮੀਮੋ ਨੰ:20872/22281/2ਪੀ-63/ਵਾ:1 ਮਿਤੀ 2-3-07 ਰਾਹੀਂ ਪ੍ਰਚੱਲਤ ਹਦਾਇਤਾਂ ਅਨੁਸਾਰ ਪੀਐਸਪੀਸੀਐਲ ਵਲੋਂ ਆਪਣੇ ਫੰਡਜ਼ ਵਿਚੋਂ ਸਬੰਧਤ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ ਰਾਹੀਂ ਕਰਵਾਈ ਜਾਂਦੀ ਹੈ:-

1. ਕਲੇਮ ਕਰਤਾ ਵਲੋਂ ਕਲੇਮ ਫਾਰਮ ਭਰਵਾ ਕੇ ਸਬੰਧਤ ਸੀ.ਕਾ:ਕਾ:ਇੰਜ: ਦੇ ਪ੍ਰਤੀ ਹਸਤਾਖਰ ਕਰਵਾਕੇ ਸਮੇਤ ਕਰਮਚਾਰੀ ਦੇ ਰੈਗੂਲਰ ਹੋਣ ਬਾਰੇ ਸੀ.ਐਕਸੀਅਨ ਵਲੋਂ ਜਾਰੀ ਸਰਟੀਫਿਕੇਟ।
2. ਪੋਸਟ ਮਾਰਟਮ ਰਿਪੋਰਟ ਦੀ ਕਾਪੀ ਮੈਡੀਕਲ ਅਧਿਕਾਰੀਆਂ ਵੱਲੋਂ ਤਸਦੀਕ ਸੁਦਾ।
3. ਐਫ.ਆਈ.ਆਰ. ਦੀ ਕਾਪੀ ਪੁਲਿਸ ਅਧਿਕਾਰੀਆਂ ਵੱਲੋਂ ਤਸਦੀਕ ਸੁਦਾ।
4. ਮ੍ਰਿਤਕ ਦੀ ਮੌਤ ਦਾ ਅਸੱਲ ਸਰਟੀਫਿਕੇਟ।

ਕੇਸ ਦਾ ਪ੍ਰੀਆਡਿਟ ਕਰਨ ਵਾਲੇ ਅਧਿਕਾਰੀ ਵਲੋਂ ਉਠਾਏ ਗਏ ਇਤਰਾਜ਼ਾਂ ਅਨੁਸਾਰ ਮ੍ਰਿਤਕ ਦੇ ਕਾਨੂੰਨੀ ਵਾਰਸਾਂ ਵਲੋਂ ਕਾਨੂੰਨੀ ਵਾਰਸ ਹੋਣ ਬਾਰੇ ਸਰਟੀਫਿਕੇਟ ਕੇਸ ਦੇ ਨਾਲ ਹੀ ਭੇਜਿਆ ਜਾਵੇ।

ਇਹ ਵੇਖਣ ਵਿਚ ਆਇਆ ਹੈ ਕਿ ਇਸ ਸਕੀਮ ਅਧੀਨ ਕਵਰ ਹੁੰਦੇ ਕੇਸ ਸਬੰਧਤ ਸੀ.ਕਾ:ਕਾ:ਇੰਜ: ਦਫਤਰਾਂ ਵਲੋਂ ਕੰਪਲੀਟ ਕਰਨ ਵਿਚ ਬਹੁਤ ਦੇਰੀ ਕੀਤੀ ਜਾਂਦੀ ਹੈ ਤੇ ਕਲੇਮ ਚੁਕਤਾ ਹੋਣ ਵਿਚ ਦੇਰੀ ਹੁੰਦੀ ਹੈ।ਸੋ ਇਸ ਸਕੀਮ ਅਧੀਨ ਕਵਰ ਹੁੰਦੇ ਹਾਦਸਗ੍ਰਸਤ ਮੌਤ ਦੇ ਕੇਸਾਂ ਦੀ ਸੂਚਨਾ ਤੁਰੰਤ ਦਿੱਤੀ ਜਾਇਆ ਕਰੇ ਅਤੇ ਕਲੇਮ ਕੇਸ ਸਾਰੇ ਪੱਖਾਂ ਤੋਂ ਕੰਪਲੀਟ ਕਰਵਾਕੇ ਸਮੇਤ ਕਲੇਮ ਕਰਤਾ ਦੇ ਕਾਨੂੰਨੀ ਵਾਰਸ ਹੋਣ ਦਾ ਸਰਟੀਫਿਕੇਟ ਤੁਰੰਤ ਇਸ ਦਫਤਰ ਨੂੰ ਭੇਜਿਆ ਜਾਇਆ ਕਰੇ ਤਾਂ ਜੋ ਕੇਸ ਸਮੇਂ ਸਿਰ ਚੁਕਤਾ ਹੋ ਸਕਣ।

ਅਧੀਨ ਸਕੱਤਰ/ ਭਲਾਈ,
ਪੀਐਸਪੀਸੀਐਲ,ਪਟਿਆਲਾ।

ਪਿੱਠ ਅੰਕਣ ਨੰ: 2157/87 ਮਿਤੀ: 30/06/2014

ਉਪਰੋਕਤ ਦਾ ਉਤਾਰਾ ਸਾਰੇ ਸਾਰੇ ਇੰਜ:ਇੰਨ ਚੀਫ/ ਜਨਰਲ ਮੈਨੇਜਰ/ਮੁੱਖ ਇੰਜੀਨੀਅਰ/ਵਿਭਾਗਾਂ ਦੇ ਮੁੱਖੀ ਪੀਐਸਪੀਸੀਐਲ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ।

ਅਧੀਨ ਸਕੱਤਰ/ ਭਲਾਈ,
ਪੀਐਸਪੀਸੀਐਲ,ਪਟਿਆਲਾ।

ਸੀਸੀ

ਐਸ.ਈ./ਆਈ.ਟੀ.,ਪੀਐਸਪੀਸੀਐਲ,ਪਟਿਆਲਾ ਨੂੰ ਵੈਬਸਾਈਟ ਤੇ ਪਾਉਣ ਹਿਤ
(GM/Admn./Welfare)